ਮਾਡਲ ਟੈਸਟ ਪੇਪਰ

ਵਿਸ਼ਾ- ਇਤਿਹਾਸ

ਸ਼੍ਰੇਣੀ- ਬਾਰ੍ਹਵੀਂ

**(2023-24)**

**ਸਮਾਂ: 3 ਘੰਟੇ** ਕੁੱਲ ਅੰਕ : **80**

(i) ਪ੍ਰਸ਼ਨ - ਪੱਤਰ 6 ਭਾਗਾਂ (ੳ,ਅ,ੲ,ਸ,ਹ,ਕ) ਵਿੱਚ ਵੰਡਿਆ ਗਿਆ ਹੈ।

(ii) ਭਾਗ- ੳ ਵਿੱਚ ਪ੍ਰਸ਼ਨ ਨੰਬਰ 1 ਦੇ 10 ਉਪ ਭਾਗ ਹਨ। ਹਰੇਕ ਪ੍ਰਸ਼ਨ 1 ਅੰਕ ਦਾ ਹੈ।

(iii) ਭਾਗ-ਅ ਵਿੱਚ ਪ੍ਰਸ਼ਨ ਨੰਬਰ 2 ਦੇ 10 ਉਪ ਭਾਗ ਹਨ। ਹਰੇਕ ਪ੍ਰਸ਼ਨ 1 ਅੰਕ ਦਾ ਹੈ।

(iv) ਭਾਗ- ੲ ਵਿੱਚ ਪ੍ਰਸ਼ਨ ਨੰਬਰ 3 ਦੇ 8 ਉਪ ਭਾਗ ( ਪਾਠਕ੍ਰਮ ਦੇ ਭਾਗ ੳ ਵਿੱਚੋਂ 4 ਅਤੇ ਭਾਗ ਅ ਵਿੱਚੋਂ 4 ਪ੍ਰਸ਼ਨ) ਹਨ, ਕੁੱਲ ਪੰਜ ਪ੍ਰਸ਼ਨ ਕਰਨੇ ਹਨ (ਹਰੇਕ ਭਾਗ ਵਿੱਚੋਂ ਦੋ ਪ੍ਰਸ਼ਨ ਕਰਨੇ ਜ਼ਰੂਰੀ ਹਨ ਪੰਜਵਾਂ ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕੀਤਾ ਜਾ ਸਕਦਾ ਹੈ।) ਹਰੇਕ ਪ੍ਰਸ਼ਨ ਦਾ ਉੱਤਰ 30 - 35 ਸ਼ਬਦਾਂ ਵਿੱਚ ਦੇਣਾ ਲਾਜ਼ਮੀ ਹੈ। ਹਰੇਕ ਪ੍ਰਸ਼ਨ ਲਈ 3 ਅੰਕ ਨਿਰਧਾਰਿਤ ਹਨ ।

(v) ਭਾਗ- ਸ ਵਿੱਚ ਪ੍ਰਸ਼ਨ ਨੰਬਰ 4 ਦੇ 2 ਉਪ ਭਾਗ ਹਨ। ਇਹ ਪ੍ਰਸ਼ਨ ਸਰੋਤ / ਕੇਸ ਸਟੱਡੀ ਪੈਰ੍ਹੇ ਤੇ ਅਧਾਰਿਤ ਹੋਵੇਗਾ । ਹਰੇਕ ਉਪ ਭਾਗ ਵਿੱਚ ਪੰਜ ਪ੍ਰਸ਼ਨ ਹਨ। ਹਰੇਕ ਪ੍ਰਸ਼ਨ 1 ਅੰਕ ਦਾ ਹੈ।

(vi) ਭਾਗ- ਹ ਪ੍ਰਸ਼ਨ ਨੰਬਰ 5 ਦੇ 8 ਉਪ ਭਾਗ (4 ਭਾਗ ੳ ਤੇ 4 ਭਾਗ ਅ ਵਿੱਚੋਂ ) ਹਨ, ਕੁੱਲ ਚਾਰ ਪ੍ਰਸ਼ਨ ਕਰਨੇ ਹਨ (ਹਰੇਕ ਭਾਗ ਵਿੱਚੋਂ ਦੋ ਪ੍ਰਸ਼ਨ ਕਰਨੇ ਜ਼ਰੂਰੀ ਹਨ )। ਹਰੇਕ ਪ੍ਰਸ਼ਨ ਦਾ ਉੱਤਰ 100 - 150 ਸ਼ਬਦਾਂ ਵਿੱਚ ਦੇਣਾ ਹੈ। ਹਰ ਪ੍ਰਸ਼ਨ 5 ਅੰਕ ਦਾ ਹੈ।

(vii) ਭਾਗ- ਕ ਪ੍ਰਸ਼ਨ ਨੰਬਰ 6 ਮਾਨ - ਚਿੱਤਰ ਨਾਲ ਸੰਬੰਧਿਤ ਹੈ। ਇਸ ਵਿੱਚ ਦੋ ਪ੍ਰਸ਼ਨ ਹਨ, ਜਿਨ੍ਹਾਂ ਵਿੱਚੋਂ ਕੋਈ ਇੱਕ ਕਰਨਾ ਹੈ। ਇਸਦੇ 15 ਅੰਕ ਹਨ। ਨਦੀਆਂ ਸਮੇਤ ਸਥਾਨ ਦਰਸਾਉਣ ਦੇ 10 ਅੰਕ ਤੇ ਹਰੇਕ ਸਥਾਨ ਦੀ ਵਿਆਖਿਆ (20-25 ਸ਼ਬਦਾਂ ਵਿੱਚ) ਕਰਨ ਦੇ 5 ਅੰਕ ਹਨ।

(viii) ਪੰਜਾਬ ਦਾ ਮਾਨ- ਚਿੱਤਰ ਉੱਤਰ-ਪੱਤਰੀ ਨਾਲ ਨੱਥੀ ਹੈ।

## ਭਾਗ (ੳ)

### ਬਹੁ-ਵਿਕਲਪੀ ਪ੍ਰਸ਼ਨ

**1.** ਸਹੀ ਵਿਕਲਪ ਦੀ ਚੋਣ ਕਰੋ। ਸਾਰੇ ਪ੍ਰਸ਼ਨ ਜ਼ਰੂਰੀ ਹਨ। **(1 x 10 = 10 )**

(i) (A) ਉਹ ਈਸਟ ਇੰਡੀਆ ਕੰਪਨੀ ਅਧੀਨ ਨੌਕਰੀ ਕਰਦਾ ਸੀ।

(B) ਉਸ ਨੇ 'ਤਾਰੀਖ -ਏ -ਪੰਜਾਬ 'ਨਾਮੀ ਗ੍ਰੰਥ ਦੀ ਰਚਨਾ ਕੀਤੀ ।


ਉਪਰੋਕਤ ਸਤਰਾਂ ਵਿੱਚ ਕਿਸ ਦੀ ਗੱਲ ਕੀਤੀ ਗਈ ਹੈ:-

(ੳ) ਗਣੇਸ਼ ਦਾਸ ਵਡਹੇਰਾ (ਅ) ਡੇਵਿਡ ਅਖਤਰਲੋਨੀ

(ੲ) ਬੂਟੇ ਸ਼ਾਹ (ਸ) ਕਾਜ਼ੀ ਨੂਰਦੀਨ

Downloaded from cclchapter.com

(ii) ਦਿੱਤੇ ਗਏ ਨਕਸ਼ੇ ਵਿੱਚ ਅੰਕ **4** ਕਿਹੜਾ ਦੋਆਬ ਦਰਸਾਉਂਦਾ ਹੈ?




(ੳ) ਬਿਸਤ (ਅ) ਬਾਰੀ

(ੲ) ਰਚਨਾ (ਸ) ਚੱਜ

(iii) 'ਅਦਾਲਤ -ਏ- ਆਲਾ ' ਰਣਜੀਤ ਸਿੰਘ ਦੇ ਨਿਆਂ ਪ੍ਰਬੰਧ ਦੀ ਮਹੱਤਵਪੂਰਨ ਵਿਸ਼ੇਸ਼ਤਾ ਸੀ।

ਉਪਰੋਕਤ ਦੇ ਅਧਾਰ 'ਤੇ ਕਿਹੜਾ ਸਹੀ ਹੈ:-

(ੳ) ਅਦਾਲਤ-ਏ-ਆਲਾ ਦੇ ਮੁਖੀ ਨੂੰ ਕਾਰਦਾਰ ਕਹਿੰਦੇ ਸਨ।

(ਅ) ਅਦਾਲਤ-ਏ-ਆਲਾ ਹਰੇਕ ਸੂਬੇ ਵਿੱਚ ਸਥਾਪਿਤ ਕੀਤੀ ਗਈ ਸੀ ।

(ੲ) ਅਦਾਲਤ-ਏ-ਆਲਾ ਕੇਵਲ ਲਾਹੌਰ ਵਿੱਚ ਸਥਾਪਿਤ ਸੀ।

(ਸ) ਅਦਾਲਤ-ਏ-ਆਲਾ ਨਾਜ਼ਿਮ ਅਧੀਨ ਹੁੰਦੀ ਸੀ।

(iv) ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਸੰਬੰਧੀ ਕਿਹੜਾ ਜੁੱਟ ਸਹੀ ਹੈ?

(ੳ) ਤਾਲੁੰਬਾ ---------- ਭਾਈ ਲਾਲੋ ਜੀ

(ਅ) ਹਸਨ ਅਬਦਾਲ ---------- ਵਲੀ ਕੰਧਾਰੀ

(ੲ) ਕਸ਼ਮੀਰ ---------- ਮਲਕ ਭਾਗੋ

(ਸ) ਪਾਕਪਟਨ ---------- ਬ੍ਰਹਮਦੱਤ

(v) ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰੀਆਂ ਸੰਬੰਧੀ ਕਿਹੜਾ ਜੁੱਟ ਗ਼ਲਤ ਹੈ?

(ੳ) ਧਿਆਨ ਸਿੰਘ ----------- ਪ੍ਰਧਾਨ ਮੰਤਰੀ

(ਅ) ਹਰੀ ਸਿੰਘ ਨਲੂਆ ----------- ਸੈਨਾਪਤੀ

(ੲ) ਦੀਵਾਨ ਮੋਹਕਮ ਚੰਦ ---------- ਵਿੱਤ ਮੰਤਰੀ

(ਸ) ਫ਼ਕੀਰ ਅਜੀਜ- ਉਦ-ਦੀਨ ------- ਵਿਦੇਸ਼ ਮੰਤਰੀ

(vi) ਧਿਆਨ ਨਾਲ ਪੜ੍ਹੋ ਤੇ ਸਹੀ ਮਿਲਾਨ ਦੀ ਚੋਣ ਕਰੋ:-

1. ਅਨੰਦ ਸਾਹਿਬ (i) ਸ੍ਰੀ ਗੁਰੂ ਅਰਜਨ ਦੇਵ ਜੀ

2. ਜਪੁਜੀ ਸਾਹਿਬ (ii) ਸ੍ਰੀ ਗੁਰੂ ਰਾਮਦਾਸ ਜੀ

Downloaded from cclchapter.com

3. ਲਾਵਾਂ (iii) ਸ੍ਰੀ ਗੁਰੂ ਨਾਨਕ ਦੇਵ ਜੀ

4. ਸੁਖਮਨੀ ਸਾਹਿਬ (iv) ਸ੍ਰੀ ਗੁਰੂ ਅਮਰਦਾਸ ਜੀ

ਉਪਰੋਕਤ ਦੇ ਅਧਾਰ 'ਤੇ ਕਿਹੜਾ ਸਹੀ ਹੈ:-

| | 1 | 2 | 3 | 4 |
|---|---|---|---|---|
| (ੳ) | (i) | (ii) | (iii) | (iv) |
| (ਅ) | (iv) | (i) | (ii) | (iii) |
| (ੲ) | (iii) | (ii) | (i) | (iv) |
| (ਸ) | (iv) | (iii) | (ii) | (i) |

(vii) ਉਹ ਸਥਾਨ, ਜਿੱਥੇ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿੱਚ ਚਿਣ ਕੇ ਸ਼ਹੀਦ ਕੀਤਾ ਗਿਆ ਸੀ:

(ੳ) ਚਮਕੌਰ ਸਾਹਿਬ (ਅ) ਸਰਹਿੰਦ

(ੲ) ਮੁਕਤਸਰ ਸਾਹਿਬ (ਸ) ਲਾਹੌਰ

(viii) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਲੜਾਈਆਂ ਦਾ ਸਹੀ ਕਾਲ - ਕ੍ਰਮ ਕਿਹੜਾ ਹੈ:-

(ੳ) ਬਸੌਲੀ < ਚਮਕੌਰ ਸਾਹਿਬ < ਖਿਦਰਾਣਾ < ਨਿਰਮੋਹ

(ਅ) ਚਮਕੌਰ ਸਾਹਿਬ < ਨਿਰਮੋਹ < ਖਿਦਰਾਣਾ < ਬਸੌਲੀ

(ੲ) ਨਿਰਮੋਹ < ਬਸੌਲੀ < ਚਮਕੌਰ ਸਾਹਿਬ < ਖਿਦਰਾਣਾ

(ਸ) ਚਮਕੌਰ ਸਾਹਿਬ < ਖਿਦਰਾਣਾ < ਨਿਰਮੋਹ < ਬਸੌਲੀ

(ix) ਸਿੱਖ ਮਿਸਲਾਂ ਸੰਬੰਧੀ ਕਿਹੜੀ ਜਾਣਕਾਰੀ ਸਹੀ ਨਹੀਂ ਹੈ:

(ੳ) ਫੈਜਲਪੁਰੀਆ ਮਿਸਲ ਸਭ ਤੋਂ ਪਹਿਲਾਂ ਕਾਇਮ ਹੋਣ ਵਾਲੀ ਮਿਸਲ ਸੀ।

(ਅ) ਆਹਲੂਵਾਲੀਆ ਮਿਸਲ ਦਾ ਸੰਸਥਾਪਕ ਭਾਗ ਸਿੰਘ ਸੀ ।

(ੲ) ਫੂਲਕੀਆਂ ਮਿਸਲ ਦਲ ਖ਼ਾਲਸਾ ਦਾ ਭਾਗ ਨਹੀਂ ਸੀ ।

(ਸ) ਹਰੀ ਸਿੰਘ ਭੰਗੀ ਮਿਸਲ ਦਾ ਪ੍ਰਸਿੱਧ ਸਰਦਾਰ ਸੀ ।

(x) (A) ਇੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੁਗਲਾਂ ਨਾਲ਼ ਆਪਣੀ ਅੰਤਿਮ ਲੜਾਈ ਲੜੀ ਸੀ:

(B) ਅੱਜ - ਕਲ੍ਹ ਇਹ ਭਾਰਤੀ ਪੰਜਾਬ ਦਾ ਇੱਕ ਜ਼ਿਲ੍ਹਾ ਹੈ।

ਇਸ ਦਾ ਪਹਿਲਾ ਨਾਮ ਕੀ ਸੀ?

(ੳ) ਮਾਖੋਵਾਲ (ਅ) ਚੱਕ ਨਾਨਕੀ

(ੲ) ਖਿਦਰਾਣਾ (ਸ) ਖਡੂਰ ਸਾਹਿਬ

**ਭਾਗ (ਅ)**

**2. ਹਰੇਕ ਪ੍ਰਸ਼ਨ ਦਾ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿਓ :-** (1 x 10 = 10 )

(i) ਕਰਤਾਰਪੁਰ ਤੋਂ ਕੀ ਭਾਵ ਹੈ?

(ii) ਬੀਬੀ ਅਮਰੋ ਜੀ ਤੇ ਬੀਬੀ ਅਨੋਖੀ ਜੀ ਕੌਣ ਸਨ?

(iii) ਗੋਇੰਦਵਾਲ ਵਿਖੇ ਬਾਉਲੀ ਦਾ ਨਿਰਮਾਣ ਕਿਸ ਨੇ ਕਰਵਾਇਆ ਸੀ?

Downloaded from cclchapter.com

(iv) ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਿਤਾ ਜੀ ਦਾ ਨਾਂ ਦੱਸੋ।

(v) ਸ੍ਰੀ ਗੁਰੂ ਹਰਿਰਾਏ ਜੀ ਦਾ ਜਨਮ ਕਿੱਥੇ ਹੋਇਆ ਸੀ?

(vi) ਮੁਗ਼ਲਾਨੀ ਬੇਗ਼ਮ ਕੌਣ ਸੀ?

(vii) ਦਲ ਖ਼ਾਲਸਾ ਦੀ ਸਥਾਪਨਾ ਕਦੋਂ ਹੋਈ ਸੀ?

(viii) ਸਦਾ ਕੌਰ ਕੌਣ ਸੀ?

(ix) ਮਹਾਰਾਜਾ ਰਣਜੀਤ ਸਿੰਘ ਨੇ ਮੁਲਤਾਨ ਕਦੋਂ ਜਿੱਤਿਆ?

(x) ਮਹਾਰਾਜਾ ਰਣਜੀਤ ਸਿੰਘ ਸਮੇਂ ਪ੍ਰਾਂਤ ਦੇ ਮੁਖੀ ਨੂੰ ਕੀ ਕਿਹਾ ਜਾਂਦਾ ਸੀ?

**ਭਾਗ (ੲ)**

**3. ਕੁੱਲ ਪੰਜ ਪ੍ਰਸ਼ਨ ਕਰੋ। ਹਰੇਕ ਭਾਗ ਵਿੱਚੋਂ ਦੋ ਪ੍ਰਸ਼ਨ ਕਰਨੇ ਜ਼ਰੂਰੀ ਹਨ। ਹਰੇਕ ਪ੍ਰਸ਼ਨ ਦਾ ਉੱਤਰ 30 -35 ਸ਼ਬਦਾਂ ਵਿੱਚ ਦਿਓ :-** (3 x 5 = 15)

**(ੳ)** (i) ਗੁਰਮੁਖੀ ਲਿਪੀ ਨੂੰ ਗੁਰੂ ਅੰਗਦ ਦੇਵ ਜੀ ਦੇ ਯੋਗਦਾਨ ਤੇ ਨੋਟ ਲਿਖੋ।

(ii) ਮਸੰਦ ਪ੍ਰਥਾ 'ਤੇ ਨੋਟ ਲਿਖੋ।

(iii) ਬਾਲ ਗੁਰੂ ਕਿਸ ਨੂੰ ਤੇ ਕਿਉਂ ਕਿਹਾ ਜਾਂਦਾ ਹੈ?

(iv) ਖ਼ਾਲਸਾ ਪੰਥ ਦੀ ਸਿਰਜਣਾ 'ਤੇ ਨੋਟ ਲਿਖੋ।

**(ਅ)** (v) ਤੱਤ ਖਾਲਸਾ ਤੇ ਬੰਦਈ ਖ਼ਾਲਸਾ ਬਾਰੇ ਜਾਣਕਾਰੀ ਦਿਓ।

(vi) ਸਰਬੱਤ ਖਾਲਸਾ ਤੋਂ ਕੀ ਭਾਵ ਹੈ?

(vii) ਵੱਡੇ ਘੱਲੂਘਾਰੇ ਤੇ ਨੋਟ ਲਿਖੋ।

(viii) ਮਹਾਰਾਜਾ ਰਣਜੀਤ ਸਿੰਘ ਦੀ ਲਾਹੌਰ ਜਿੱਤ 'ਤੇ ਨੋਟ ਲਿਖੋ।

**ਭਾਗ (ਸ)**

**4. ਹੇਠ ਦਿੱਤੇ ਪੈਰੇ ਨੂੰ ਧਿਆਨ ਨਾਲ ਪੜ੍ਹ ਕੇ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ :-**

**(ੳ)** ਗੁਰੂ ਅੰਗਦ ਦੇਵ ਜੀ ਨੇ ਉਹ ਪੈਂਤੀ ਅੱਖਰ ਅਪਣਾਏ,ਜਿਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਨੇ ਤਿਆਰ ਕੀਤਾ ਸੀ । ਇਸ ਲਈ ਪ੍ਰਚਲਿਤ ਲਿਪੀਆਂ ਵਿੱਚੋਂ ਗੁਰੂ ਨਾਨਕ ਸਾਹਿਬ ਨੇ ਵਿਸ਼ੇਸ਼ ਅੱਖਰਾਂ ਦੀ ਚੋਣ ਕੀਤੀ ਸੀ । ਇਸਦੇ ਬਹੁਤ ਚੰਗੇ ਸਿੱਟੇ ਨਿਕਲੇ , ਗੁਰੂ ਅੰਗਦ ਦੇਵ ਜੀ ਦੇ ਇਹ ਸੰਗ੍ਰਿਹ ਸਿੱਖਾਂ ਦੀਆਂ ਧਾਰਮਿਕ ਲਿਖਤਾਂ ਲਈ ਕੜੀ ਰੂਪ ਸਾਬਤ ਹੋਏ। ਇਸ ਨਾਲ ਸਿੱਖਾਂ ਨੂੰ ਅਜਿਹੀ ਲਿਖਤੀ ਭਾਸ਼ਾ ਪ੍ਰਾਪਤ ਹੋਈ ਜਿਹੜੀ ਹਿੰਦੂਆਂ ਅਤੇ ਮੁਸਲਮਾਨਾਂ ਦੀਆਂ ਲਿਖਤਾਂ ਨਾਲੋਂ ਵੱਖਰੀ ਸੀ ਅਤੇ ਇਸ ਨਾਲ ਵਿਲੱਖਣ ਹੋਣ ਦੇ ਭਾਵ ਲੋਕਾਂ ਅੰਦਰ ਜਾਗੇ । ਗੁਰੂ ਅੰਗਦ ਦੇਵ ਜੀ ਨੇ ਸਰੀਰਿਕ ਸ਼ਕਤੀ ਵਧਾਉਣ ਬਾਰੇ ਵੀ ਉਤਸੁਕਤਾ ਵਿਖਾਈ । ਅੰਮ੍ਰਿਤ ਵੇਲੇ ਦੇ 'ਪਾਠ' ਅਤੇ 'ਕੀਰਤਨ' ਉਪਰੰਤ ਲੋਕ ਅਖਾੜੇ ਵਿੱਚ ਜੁੜਦੇ ਕਸਰਤ ਕਰਦੇ ਅਤੇ ਕਰਤਬ ਦਿਖਾਉਂਦੇ । ਹਰ ਕੇਂਦਰ ਨਾਲ ਇੱਕ ਅਖਾੜਾ ਜੁੜਿਆ ਹੁੰਦਾ ਸੀ। ਉਹਨਾਂ ਨੇ ਅਜਿਹੀ ਰਵਾਇਤ ਕਾਇਮ ਕੀਤੀ ਜਿਸ ਨਾਲ ਉਹਨਾਂ ਦੇ ਉੱਤਰਾਧਿਕਾਰੀਆਂ ਨੂੰ ਆਪਣੀ ਸੰਗਤ ਵਿੱਚੋਂ ਯੋਗ ਸਿੰਘਾਂ ਦੀ ਫ਼ੌਜ ਤਿਆਰ ਕਰਨ ਲਈ ਅਵਸਰ ਪ੍ਰਾਪਤ ਹੋਏ।

**ਉਪਰੋਕਤ ਪੈਰ੍ਹੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ-**

(i) ਕਿਸ ਲਿਪੀ ਦੀ ਵਰਨ - ਮਾਲ਼ਾ ਨੂੰ 'ਪੈਂਤੀ' ਕਿਹਾ ਜਾਂਦਾ ਹੈ ?

(ii) ਕਿਸ ਧਰਮ ਦੇ ਪ੍ਰਾਚੀਨ ਗ੍ਰੰਥ ਸੰਸਕ੍ਰਿਤ ਭਾਸ਼ਾ ਵਿੱਚ ਲਿਖੇ ਹੋਏ ਹਨ ?

(iii) ਉਪਰੋਕਤ ਪੈਰੇ ਅਨੁਸਾਰ ਸ਼ਬਦ ਅਖਾੜਾ ਦਾ ਕੀ ਅਰਥ ਹੈ ?

Downloaded from cclchapter.com

(iv) ਗੁਰੂ ਅੰਗਦ ਦੇਵ ਜੀ ਸਿੱਖਾਂ ਦੇ ਦੂਜੇ ਗੁਰੂ ਸਨ । ( ਸਹੀ / ਗ਼ਲਤ )

(v) ਗੁਰੂ ਅੰਗਦ ਦੇਵ ਜੀ ਸਮੇਂ ________ ਵਿਖੇ ਅਖਾੜਾ ਬਣਿਆ ਹੋਇਆ ਸੀ ।

(ੳ) ਅਨੰਦਪੁਰ ਸਾਹਿਬ (ਅ) ਕੀਰਤਪੁਰ ਸਾਹਿਬ

(ੲ) ਖਡੂਰ ਸਾਹਿਬ (ਸ) ਮੁਕਤਸਰ ਸਾਹਿਬ 1 x 5 = 5

**(ਅ)** ਕਾਬਲ ਦਾ ਨਵਾਂ ਵਜ਼ੀਰ ਆਜ਼ਮ ਖ਼ਾਂ ਪਿਸ਼ਾਵਰ ਉੱਤੇ 'ਸਿੱਖ ਬਰਕਜ਼ਾਈ '( ਯਾਰ ਮੁਹੰਮਦ ਖ਼ਾਂ ) ਦਾ ਸ਼ਾਸਨ ਸਹਿਣ ਨਾ ਕਰ ਸਕਿਆ ਅਤੇ ਉਸ ਨੇ ਜਨਵਰੀ,1823 ਈ. ਵਿੱਚ ਪਿਸ਼ਾਵਰ ਉੱਤੇ ਕਬਜ਼ਾ ਕਰ ਲਿਆ । ਇਸ ਦੇ ਪਿਛੋਂ ਉਹ ਮਹਾਰਾਜਾ ਰਣਜੀਤ ਸਿੰਘ ਵਿਰੁੱਧ ਲੜਨ ਦੀਆਂ ਤਿਆਰੀਆਂ ਕਰਨ ਲੱਗਾ । ਉਸ ਨੇ ਸਿੱਖਾਂ ਵਿਰੁੱਧ 'ਜਹਾਦ ' ਦਾ ਐਲਾਨ ਕਰ ਦਿੱਤਾ ਅਤੇ ਉਸ ਦੀ ਅਪੀਲ ਤੇ ਹਜ਼ਾਰਾਂ ਹੀ ਪਠਾਣ ਤੇ ਅਫ਼ਗਾਨ ਉਸ ਦੇ ਇਸਲਾਮੀ ਝੰਡੇ ਥੱਲੇ ਇਕੱਠੇ ਹੋ ਗਏ।ਮਹਾਰਾਜਾ ਰਣਜੀਤ ਸਿੰਘ ਨੇ ਵੀ ਹਰੀ ਸਿੰਘ ਨਲਵਾ,ਕੰਵਰ ਸ਼ੇਰ ਸਿੰਘ,ਅਤਰ ਸਿੰਘ, ਵੈਂਤੂਰਾ,ਅਕਾਲੀ ਫੂਲਾ ਸਿੰਘ ਆਦਿ ਸਭ ਤੋਂ ਬਹਾਦਰ ਤੇ ਸੁਯੋਗ ਸੈਨਾਨਾਇਕਾਂ ਸਹਿਤ ਚੜ੍ਹਾਈ ਕਰ ਦਿੱਤੀ। 14 ਮਾਰਚ,1823 ਈ . ਨੂੰ ਅਟਕ ਤੇ ਪਿਸ਼ਾਵਰ ਵਿਚਾਲੇ ਇੱਕ ਘਮਾਸਾਨ ਲੜਾਈ ਹੋਈ ਇਸ ਵਿੱਚ ਅਫ਼ਗਾਨ ਹਾਰ ਗਏ ਅਤੇ ਸਿੱਖਾਂ ਨੂੰ ਇੱਕ ਹੋਰ ਸ਼ਾਨਦਾਰ ਜਿੱਤ ਪ੍ਰਾਪਤ ਹੋਈ । ਇਸ ਜਿੱਤ ਤੋਂ ਬਾਅਦ ਮਹਾਰਾਜਾ ਨੇ ਪਿਸ਼ਾਵਰ ਵਿੱਚ ਵਿਜੇਤਾ ਦੇ ਰੂਪ ਵਿਚ ਪ੍ਰਵੇਸ਼ ਕੀਤਾ । ਪਰੰਤੂ ਉਸ ਨੇ ਹਾਲੀ ਵੀ ਇਸ ਨੂੰ ਆਪਣੇ ਰਾਜ ਵਿਚ ਮਿਲਾਉਣਾ ਉਚਿਤ ਨਾ ਸਮਝਿਆ ਅਤੇ ਫਿਰ ਯਾਰ ਮੁਹੰਮਦ ਖ਼ਾਂ ਨੂੰ ਲਾਹੌਰ ਸਰਕਾਰ ਅਧੀਨ ਪਿਸ਼ਾਵਰ ਦਾ ਗਵਰਨਰ ਨਿਯੁਕਤ ਕਰ ਦਿੱਤਾ ।ਇਹ ਲੜਾਈ ਤਾਂ ਜਿੱਤ ਲਈ ਪਰ ਇਸ ਜਿੱਤ ਦੀ ਕੀਮਤ ਇੱਕ ਨਿਧੜਕ ਯੋਧੇ ਦੀ ਸ਼ਹੀਦੀ ਦੇ ਰੂਪ ਵਿੱਚ ਤਾਰਨੀ ਪਈ। 1827 ਈ. ਤੋਂ 1831 ਈ. ਤਕ ਮਹਾਰਾਜਾ ਰਣਜੀਤ ਸਿੰਘ ਨੇ ਸੱਯਦ ਅਹਿਮਦ, ਜਿਸ ਨੇ ਅਟਕ ਤੇ ਪਿਸ਼ਾਵਰ ਦੇ ਪ੍ਰਦੇਸ਼ਾਂ ਵਿੱਚ ਵਿਦਰੋਹ ਕਰ ਦਿੱਤਾ ਸੀ,ਦੇ ਵਿਰੁੱਧ ਕਈ ਮੁਹਿੰਮਾਂ ਭੇਜੀਆਂ । ਮਈ,1831 ਈ . ਵਿਚ ਸ਼ੇਰ ਸਿੰਘ ਦੇ ਅਧੀਨ ਸਿੱਖ ਸੈਨਾ ਨੇ ਇਸਨੂੰ ਹਰਾ ਦਿੱਤਾ ਅਤੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ।

**ਉਪਰੋਕਤ ਪੈਰੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ-**

(i) 'ਜਹਾਦ ' ਤੋਂ ਕੀ ਭਾਵ ਹੈ?

(ii) ਇਸ ਪੈਰੇ ਵਿੱਚ ਕਿਸ ਲੜਾਈ ਦੀ ਚਰਚਾ ਕੀਤੀ ਗਈ ਹੈ?

(iii) ਕਾਬਲ ਅੱਜ - ਕੱਲ੍ਹ ਕਿਸ ਦੇਸ਼ ਦੀ ਰਾਜਧਾਨੀ ਹੈ?

(iv) 'ਇਸ ਜਿੱਤ ਦੀ ਕੀਮਤ ਇੱਕ ਨਿੱਧੜਕ ਯੋਧੇ ਦੀ ਸ਼ਹੀਦੀ ਦੇ ਰੂਪ ਵਿੱਚ ਤਾਰਨੀ ਪਈ' । ਇਹ ਨਿਧੜਕ ਯੋਧਾ ਕੌਣ ਸੀ?

(v) ਕੰਵਰ ਸ਼ੇਰ ਸਿੰਘ ਕੌਣ ਸੀ?

1 x 5 = 5

ਭਾਗ (ਹ)

**5. ਚਾਰ ਪ੍ਰਸ਼ਨ ਕਰੋ। ਹਰੇਕ ਭਾਗ ਵਿੱਚੋਂ ਦੋ ਪ੍ਰਸ਼ਨ ਕਰਨੇ ਜ਼ਰੂਰੀ ਹਨ। ਹਰੇਕ ਪ੍ਰਸ਼ਨ ਦਾ ਉੱਤਰ 100-150 ਸ਼ਬਦਾਂ ਵਿੱਚ ਦਿਓ :-** ( 5 x 4 = 20 )

**(ੳ)** (i) ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦੀ ਚਰਚਾ ਕਰੋ।

(ii) ਸ੍ਰੀ ਗੁਰੂ ਅਮਰਦਾਸ ਜੀ ਦੇ ਸਮਾਜਿਕ ਸੁਧਾਰਾਂ ਦੀ ਵਿਆਖਿਆ ਕਰੋ।

(iii) ਸ੍ਰੀ ਗੁਰੂ ਹਰਗੋਬਿੰਦ ਜੀ ਦੀ ਨਵੀਂ ਨੀਤੀ ਦੀਆਂ ਵਿਸ਼ੇਸ਼ਤਾਵਾਂ ਦੱਸੋ।

Downloaded from cclchapter.com

(iv) ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਕਾਰਨ ਦੱਸੋ।

**(ਅ)** (v) ਮੀਰ ਮੰਨੂੰ ਦੀ ਸਿੱਖਾਂ ਵਿਰੁੱਧ ਅਸਫਲਤਾ ਦੇ ਕਾਰਨ ਦੱਸੋ?

(vi) ਜੱਸਾ ਸਿੰਘ ਆਹਲੂਵਾਲੀਆ ਉੱਤੇ ਨੋਟ ਲਿਖੋ।

(vii) ਮਹਾਰਾਜਾ ਰਣਜੀਤ ਸਿੰਘ ਦੇ ਸੈਨਿਕ ਪ੍ਰਬੰਧ ਦੀ ਚਰਚਾ ਕਰੋ।

(viii) ਪਹਿਲੇ ਅੰਗਰੇਜ਼ - ਸਿੱਖ ਯੁੱਧ ਦੇ ਕਾਰਨ ਦੱਸੋ।

**ਭਾਗ (ਕ)**

**6. ਮਾਨ - ਚਿੱਤਰ :-**

(i) ਦਿੱਤੇ ਗਏ ਪੰਜਾਬ ਦੇ ਮਾਨ - ਚਿੱਤਰ ਵਿੱਚ ਬੰਦਾ ਸਿੰਘ ਬਹਾਦਰ ਦੀਆਂ ਲੜਾਈਆਂ ਦੇ ਕੋਈ ਪੰਜ ਸਥਾਨ ਭਰੋ। 10

(ii) ਭਰੇ ਗਏ ਹਰੇਕ ਸਥਾਨ ਦੀ 20-25 ਸ਼ਬਦਾਂ ਵਿੱਚ ਵਿਆਖਿਆ ਕਰੋ। 5

**ਜਾਂ**

(i) ਦਿੱਤੇ ਗਏ ਪੰਜਾਬ ਦੇ ਮਾਨ - ਚਿੱਤਰ ਵਿੱਚ ਦੂਜੇ ਐਂਗਲੋ-ਸਿੱਖ ਯੁੱਧ ਦੀਆਂ ਲੜਾਈਆਂ ਦੇ ਸਥਾਨ ਭਰੋ। 10

(ii) ਭਰੇ ਗਏ ਹਰੇਕ ਸਥਾਨ ਦੀ 20-25 ਸ਼ਬਦਾਂ ਵਿੱਚ ਵਿਆਖਿਆ ਕਰੋ। 5

Downloaded from cclchapter.com